## GOOD WORK BY AMRITSAR RURAL POLICE

| FIR NO | BRIEF OF CASE |
|---|---|
| ਮੁਕੱਦਮਾਂ ਨੰਬਰ 153 ਮਿਤੀ 16-6-2019 ਜੁਰਮ457,380 ਭ.ਦ.(ਵਾਧਾ ਜੁਰਮ 25/54/59 ਅਸ੍ਹਲਾ ਐਕਟ) ਥਾਣਾਂ ਜੰਡਿਆਲਾ | ਮਿਤੀ 15-16/06/19 ਦੀ ਦਰਮਿਆਨੀ ਰਾਤ ਨੂੰ ਨਾਮਲੂਮ ਵਿਅਕਤੀਆਂ ਵੱਲੋ ਐਚ.ਐਸ. ਗੰਨ ਹਾਊਸ ਕਸਬਾ ਜੰਡਿਆਲਾ ਦੇ ਨਾਲ ਵਾਲੇ ਖਾਲੀ ਪਲਾਟ ਵਿੱਚੋ ਪਾੜ ਪਾ ਕੇ ਗੰਨ ਹਾਊਸ ਵਿੱਚੋ ਇਲੈਕਸ਼ਨ ਦੌਰਾਨ ਜਮਾਂ ਲਾਇਸੈਂਸੀ ਅਸਲ੍ਹਾ ਅਤੇ ਗੰਨ ਹਾਊਸ ਦਾ ਆਪਣਾਂ ਨਵਾਂ ਅਸ਼ਲ੍ਹਾ ਵਿੱਚੋ ਰਾਈਫਲਾਂ, ਰਿਵਾਲਵਰ, ਪਿਸਟਲ ਚੋਰੀ ਕਰਕੇ ਲੈ ਗਏ ਸਨ। ਉਕਤ ਵਾਕਿਆ ਸਬੰਧੀ ਮੁਕੱਦਮਾਂ ਨੰਬਰ 153 ਮਿਤੀ 16-6-2019 ਜੁਰਮ 457,380 ਭ.ਦ.(ਵਾਧਾ ਜੁਰਮ 25/54/59 ਅਸ੍ਹਲਾ ਐਕਟ) ਥਾਣਾਂ ਜੰਡਿਆਲਾ ਦਰਜ਼ ਰਜਿਸਟਰ ਕੀਤਾ ਗਿਆ। ਜਿਸ ਮੁਕੱਦਮੇ ਦੀ ਤਫਤੀਸ਼ ਦੌਰਾਨ ਦੋਸ਼ੀ ਵਿਕਰਮਜੀਤ ਸਿੰਘ ਉਰਫ ਵਿਕੀ ਪੁੱਤਰ ਰਣਜੀਤ ਸਿੰਘ ਵਾਸੀ ਮਕਾਨ ਨੰਬਰ 734, ਗਲੀ ਨੰਬਰ 4 ਮੁਹੱਲਾ ਨਾਨਕਸਰ, ਜਿਲਾ ਤਰਨ ਤਾਰਨ ਨੂੰ ਮਿਤੀ 19-06-19 ਨੂੰ ਗ੍ਰਿਫਤਾਰ ਕੀਤਾ ਗਿਆ ਜਿਸ ਪਾਸੋ 45 ਰਿਵਾਲਵਰ ਬ੍ਰਾਮਦ ਕੀਤੇ ਗਏ, ਮਿਤੀ 23-06-19 ਨੂੰ ਕੁਲਦੀਪ ਸਿੰਘ ਉਰਫ ਗੌਰਵ ਪੁੱਤਰ ਜਸਬੀਰ ਸਿੰਘ ਵਾਸੀ ਅੱਡਾ ਨੂਰਦੀ ਜਿਲਾ ਤਰਨ ਤਾਰਨ ਨੂੰ ਗ੍ਰਿਫਤਾਰ ਕਰਕੇ ਉਸ ਪਾਸੋ 6 ਰਿਵਾਲਵਰ ਬ੍ਰਾਮਦ ਕੀਤੇ ਗਏ, ਮਿਤੀ 23-06-19 ਨੂੰ ਸੁਨੀਲ ਕੁਮਾਰ ਉਰਫ ਬਾਮਣ ਉਰਫ ਸ਼ਨੀ ਪੁੱਤਰ ਦਰਸ਼ਨ ਕੁਮਾਰ ਕੌਮ ਬਾਹਮਣ ਵਾਸੀ ਬੱਗਾ ਜਿਲਾ ਤਰਨ ਤਾਰਨ ਨੂੰ ਗ੍ਰਿਫਤਾਰ ਕਰਕੇ ਉਸ ਪਾਸੋ 3 ਰਿਵਾਲਵਰ ਬ੍ਰਾਮਦ ਕੀਤੇ ਗਏ ਅਤੇ ਨੂੰ ਮਿਤੀ 14-07-19 ਪ੍ਰਿੰਸਪਾਲ ਸਿੰਘ ਉਰਫ ਪ੍ਰਿੰਸ ਪੁੱਤਰ ਹਰਦੀਪ ਸਿੰਘ ਕੌਮ ਜੱਟ ਵਾਸੀ ਵਾਰਡ ਨੰਬਰ 4, ਗਲੀ ਨੰਬਰ 4, ਮੁਹੱਲਾ ਫਤਹਿਚੱਕ, ਜਿਲਾ ਤਰਨ ਤਾਰਨ ਨੂੰ ਗ੍ਰਿਫਤਾਰ ਕਰਕੇ ਉਸ ਪਾਸੋ 1 ਰਿਵਾਲਵਰ ਬ੍ਰਾਮਦ ਕੀਤਾ ਗਿਆ।ਇਸ ਮੁਕੱਦਮੇ ਵਿਚ ਪੁਲਿਸ ਵਲੋ ਬੜੇ ਸੈਟੀਫਿਕ ਢੰਗ ਨਾਲ ਤਫਤੀਸ਼ ਕਰਕੇ ਦੋਸ਼ੀਆਂ ਨੂੰ 3 ਦਿਨਾਂ ਦੇ ਅੰਦਰ ਅੰਦਰ ਟ੍ਰੇਸ ਕੀਤਾ ਹੈ। ਅਗਰ ਇਹ ਮੁਕੱਦਮੇ ਵਿੱਚ ਦੋਸ਼ੀ ਜਲਦੀ ਟੇਰਸ ਨਾ ਹੰਦੇ ਤਾਂ ਭਾਰੀ ਮਾਤਰਾ ਵਿਚ ਲੁਟੇ ਗਏ ਅਸਲੇ ਗਲਤ ਅਨਸਰਾਂ ਦੇ ਹੱਥਾਂ ਵਿਚ ਜਾ ਕੇ ਲਾਅ ਐਡ ਆਰਡਰ ਨੂੰ ਖਤਰਾ ਪੈਦਾ ਕਰ ਸਕਦਾ ਸੀ। |
| **ਮੁਕੱਦਮਾ ਨੰਬਰ 73 ਮਿਤੀ 27-4-19 ਜੁਰਮ 365 ਭ:ਦ** | **ਇਹ ਮੁਕੱਦਮਾ ਸੁਰਜੀਤ ਸਿੰਘ ਪੁੱਤਰ ਸ਼ੇਰ ਸਿੰਘ ਕੌਮ ਮਹਿਰਾ** |

| | |
|---|---|
| ਥਾਣਾ ਰਪਟ ਨੰਬਰ 13 ਮਿਤੀ 28.4.19 ਨਾਲ ਵਾਧਾ ਜੁਰਮ 302 ਭ:ਦ ਦਾ ਕੀਤਾ ਗਿਆ ਰਪਟ ਨੰਬਰ 28 ਮਿਤੀ 2-6-19 ਨਾਲ ਉਕਤ ਮੁਕਦਮੇ ਵਿਚ ਵਾਧਾ ਜੁਰਮ 364 ਭ.ਦ. | ਵਾਸੀ ਪੰਡੋਰੀ ਵੜੈਚ ਥਾਣਾ ਕੰਬੋਅ ਦੇ ਬਿਆਨ ਤੇ ਨਾਮ ਮਲੂਮ ਵਿਅਕਤੀ ਤੇ ਦਰਜ ਰਜਿਸਟਰ ਕਰਵਾਇਆ, ਕਿ ਉਸਦੇ ਲੜਕੇ ਤੇਜਪਾਲ ਸਿੰਘ ਉਰਫ ਕਾਲੂ ਨੂੰ ਕੋਈ ਨਾ-ਮਲੂਮ ਵਿਅਕਤੀ ਗਲੀ ਵਿੱਚੋ ਘਰ ਦੇ ਬਾਹਰੋ ਬੰਦੀ ਬਣਾਉਣ ਦੀ ਨੀਯਤ ਨਾਲ ਚੁੱਕ ਕੇ ਲੈ ਗਿਆ ਹੈ। ਇਸ ਮੁਕੱਦਮੇ ਵਿੱਚ ਦੌਰਾਨੇ ਤਫਤੀਸ਼ ਪਿੰਡ ਵਿੱਚ ਲੱਗੇ CCTV ਕੈਮਰੇ ਚੈੱਕ ਕੀਤੇ ਗਏ ਤਾ CCTV ਕੈਮਰੇ ਵਿੱਚ ਇੱਕ ਵਿਆਕਤੀ ਬੱਚੇ ਨੂੰ ਲੈ ਕੇ ਜਾਦਾ ਪਾਇਆ ਗਿਆ। ਜਿਸ ਦੀ ਪਿੰਡ ਵਾਸੀਆ ਪਾਸੋ ਸ਼ਨਾਖਤ ਕਰਵਾਈ ਗਈ। ਜਿਸ ਦਾ ਨਾਮ ਜਤਿੰਦਰ ਕੁਮਾਰ ਉਰਫ ਬਿੱਟੂ ਪੁੱਤਰ ਸਤਪਾਲ ਵਾਸੀ ਪੰਡੋਰੀ ਵੜੈਚ ਉਮਰ ਕਰੀਬ 45 ਸਾਲ ਦੱਸਿਆ ਅਤੇ ਪਿੰਡ ਦੀ ਸਰਚ ਦੌਰਾਨ ਪਿੰਡ ਵਿੱਚ ਇੱਕ ਕੋਠੀ ਦੇ ਬੇ ਅਬਾਦ ਪਿੰਡ ਪੰਡੋਰੀ ਵੜੈਚ ਵਿੱਚੋ ਗੁੰਮ ਹੋਏ ਬੱਚੇ ਤੇਜਪਾਲ ਸਿੰਘ ਉਕਤ ਦੀ ਡੈਡ ਬਾਡੀ ਮਿਤੀ 28.4.19 ਨੂੰ ਬ੍ਰਾਮਦ ਹੋਈ, ਜਿਸਤੇ ਇਸ ਮੁਕੱਦਮੇ ਵਿੱਚ ਰਪਟ ਨੰਬਰ 13 ਮਿਤੀ 28.4.19 ਨਾਲ ਵਾਧਾ ਜੁਰਮ 302 ਭ:ਦ ਦਾ ਕੀਤਾ ਗਿਆ। ਜੋ ਇਸ ਮੁਕੱਦਮੇ ਵਿੱਚ ਦੋਸ਼ੀ ਤੇਜਿੰਦਰ ਕੁਮਾਰ ਉਰਫ ਬਿੱਟੂ ਪੁੱਤਰ ਸਤਪਾਲ ਵਾਸੀ ਪੰਡੋਰੀ ਵੜੈਚ ਨੂੰ ਮਿਤੀ 28.4.19 ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਇਸ ਮੁਕੱਦਮੇ ਵਿਚ ਦੋਸ਼ੀ ਨੇ ਬੱਚੇ ਨੂੰ ਅਗਵਾ ਕਰਨ ਤੋ ਤੁਰੰਤ ਬਾਅਦ ਹੀ ਬਲੀ ਦੇਣ ਦੀ ਮੰਸ਼ਾਂ ਨਾਲ ਕਤਲ ਕਰ ਦਿੱਤਾ ਸੀ। ਇਸ ਕਰਕੇ ਬੱਚੇ ਨੂੰ ਜਿਊਦਾ ਬਰਾਮਦ ਨਹੀ ਕੀਤਾ ਜਾ ਸਕਿਆਂ, ਪ੍ਰੰਤੂ ਪੁਲਿਸ ਵਲੋ ਇਤਲਾਹ ਮਿਲਣ ਤੇ ਤੁਰੰਤ ਬਾਅਦ ਵੱਖ ਵੱਖ ਟੀਮਾਂ ਲਗਾ ਕੇ ਕਾਰਵਾਈ ਅਮਲ ਵਿੱਚ ਲਿਆ ਕੇ ਘੇਰਾਬੰਦੀ ਕਰਕੇ ਸੈਟੀਫਿਕ ਤਰੀਕੇ ਨਾਲ ਤਫਤੀਸ਼ ਅਮਲ ਵਿਚ ਲਿਆ ਕੇ ਘਟਨਾ ਦਾ ਪਰਦਾ-ਫਾਸ ਕੀਤਾ ਗਿਆ ਹੈ। ਜਿਸ ਵਿਚ ਦੋਸ਼ੀ ਇਸ ਵੇਲੇ ਜੇਲ੍ਹ ਦੀਆਂ ਸਲਾਖਾਂ ਪਿਛੇ ਹੈ। |